ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ, ਚੰਡੀਗੜ੍ਹ

ਸੇਵਾ ਵਿਖੇ

1. ਮਾਨਯੋਗ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਸਮੂਹ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ;
2. ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ;
3. ਸਮੂਹ ਵਿੱਤੀ ਕਮਿਸ਼ਨਰ, ਸਮੂਹ ਪ੍ਰਮੁੱਖ ਸਕੱਤਰ ਅਤੇ ਸਕੱਤਰ, ਪੰਜਾਬ ਸਰਕਾਰ 4. ਸਮੂਹ ਵਿਭਾਗਾਂ ਦੇ ਮੁੱਖੀ।

ਪੱਤਰ ਨੰ: ਅ.ਸ./ 346 - 546
ਮਿਤੀ, ਚੰਡੀਗੜ੍ਹ: 31/1/2020

ਪੀ.ਸੀ.ਐਸ. ਤ.ਸਿ. ਅਤੇ ਉ.ਸਿ
ਡਾਇਰੀ ਨੰ. 36
ਮਿਤੀ 12-02-2020

ਵਿਸ਼ਾ:- ਕਾਨੂੰਨੀ ਮਸ਼ੀਰ ਅਤੇ ਸਕੱਤਰ, ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ ਦੇ ਦਫਤਰ ਵਿਖੇ ਪੰਜ ਸਟੈਨੋਟਾਈਪਿਸਟਾ ਦੀਆਂ ਆਸਾਮੀਆਂ ਪੰਜਾਬ ਸਰਕਾਰ ਦੇ ਦੂਸਰੇ ਵਿਭਾਗਾਂ ਵਿੱਚੋਂ ਬਦਲੀ ਰਾਹੀਂ ਭਰਨ ਬਾਰੇ।

******

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਕਾਨੂੰਨੀ ਮਸ਼ੀਰ ਅਤੇ ਸਕੱਤਰ, ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ ਦੇ ਦਫਤਰ ਵਿਖੇ ਪੰਜ ਸਟੈਨੋਟਾਈਪਿਸਟਾਂ ਦੀਆਂ ਆਸਾਮੀਆਂ (3 ਜਨਰਲ ਸ਼੍ਰੇਣੀ, 1 ਪਛੜੀ ਸ਼੍ਰੇਣੀ ਅਤੇ ਇੱਕ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ), ਜਿਨ੍ਹਾਂ ਦਾ ਤਨਖਾਹ ਸਕੇਲ 10300-34800+3200/-ਗਰੇਡ ਪੇ ਹੈ, ਨੂੰ ਪੰਜਾਬ ਸਰਕਾਰ ਦੇ ਦੂਸਰੇ ਵਿਭਾਗਾਂ ਵਿੱਚ ਕੰਮ ਕਰਦੇ ਸਟੈਨੋਟਾਈਪਿਸਟਾਂ ਵਿੱਚੋਂ ਬਦਲੀ ਰਾਹੀਂ ਭਰਨ ਦਾ ਨਿਰਣਾ ਲਿਆ ਗਿਆ ਹੈ। ਇਸ ਆਸਾਮੀ ਲਈ ਹੇਠ-ਲਿਖੀਆਂ ਯੋਗਤਾਵਾਂ ਨਿਰਧਾਰਿਤ ਕੀਤੀਆਂ ਗਈਆਂ ਹਨ:-

| ਲੜੀ ਨੰ: | ਆਸਾਮੀ ਦਾ ਨਾਂ ਅਤੇ ਗਿਣਤੀ | ਵਿੱਦਿਅਕ ਯੋਗਤਾਵਾਂ | ਤਨਖਾਹ ਸਕੇਲ | ਕੈਟਾਗਰੀ | ਨਿਰਧਾਰਤ ਟੈਸਟ |
|---|---|---|---|---|---|
| 1. | ਸਟੈਨੋਟਾਈਪਿਸਟ -5 | a) Should possess the Bachelor's Degree from a recognized University or Institution; and<br>b) Qualifies a test in Punjabi Stenography to be held by the Board or by the appointing authority at a speed specified by the Government from time to time; and<br>c) should possess at least one hundred and twenty hours course with hands on experience in the use of Personal Computer or Information Technology in office productivity applications or Desktop Publishing applications from a Government recognized Institution or a reputed Institution, which is ISO 9001 certified.<br>OR<br>Should possess a Computer Information Technology course equivalent to 'O' level certificate of Department of Electronics Accreditation of Computer Course (DOEACC) of Government of India. | 10300-34800+3200 ਗਰੇਡ ਪੇ | 3- ਜਨਰਲ ਸ਼੍ਰੇਣੀ<br>1- ਪਛੜੀ ਸ਼੍ਰੇਣੀ<br>1-ਅਨੁਸੂਚਿਤ ਜਾਤੀ | ਉਮੀਦਵਾਰ ਦਾ ਪੰਜਾਬੀ ਅਤੇ ਅੰਗਰੇਜ਼ੀ ਸਟੈਨੋਗ੍ਰਾਫੀ ਦਾ ਟੈਸਟ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਿਆ ਜਾਵੇਗਾ। |

3. ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਆਪਣੇ ਵਿਭਾਗ ਦੇ ਉਪਰੋਕਤ ਰੂਲਾਂ ਅਤੇ ਪ੍ਰਸੋਨਲ ਵਿਭਾਗ ਵੱਲੋਂ ਵੱਖ-ਵੱਖ ਸਮੇਂ ਤੇ ਨਿਰਧਾਰਤ ਕੀਤੀਆਂ ਵਿੱਦਿਅਕ ਯੋਗਤਾਵਾਂ ਅਨੁਸਾਰ ਯੋਗਤਾ ਰੱਖਣ ਵਾਲੇ ਚਾਹਵਾਨ ਕਰਮਚਾਰੀਆਂ ਦੀਆਂ ਦਰਖਾਸਤਾਂ ਸਮੇਤ ਵਿੱਦਿਅਕ ਯੋਗਤਾਵਾਂ ਦੇ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਫੋਟੋ-ਕਾਪੀਆਂ, ਲਗਾਤਾਰ ਨਿਯੁਕਤੀ ਦੀ ਮਿਤੀ ਦੇ ਵੇਰਵੇ ਅਤੇ ਵਿਭਾਗ ਦੇ ਮੁੱਖੀ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ, ਕਰਮਚਾਰੀ ਵਿਰੁੱਧ ਵਿਭਾਗੀ/ਚੌਕਸੀ ਅਤੇ ਕੋਰਟ ਕੇਸ ਨਾ ਹੋਣ ਬਾਰੇ ਸਰਟੀਫਿਕੇਟ ਜਾਰੀ ਕਰਦੇ ਹੋਏ ਉਨ੍ਹਾਂ ਦੀਆਂ ਪੂਰੀ-ਬੇਨਤੀਆਂ, ਕਾਨੂੰਨੀ ਮਸ਼ੀਰ ਅਤੇ ਸਕੱਤਰ, ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ, ਕਮਰਾ ਨੰ: 25, ਚੌਥੀ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਵਿਖੇ ਇਸ ਸਰਕੂਲਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਭੇਜੀਆਂ ਜਾਣ। ਅਧੂਰੀਆਂ ਅਤੇ ਲੇਟ ਪ੍ਰਾਪਤ ਹੋਈਆਂ ਦਰਖਾਸਤਾਂ ਵਿਚਾਰੀਆਂ ਨਹੀਂ ਜਾਣਗੀਆਂ। ਇਹ ਯਕੀਨੀ ਬਣਾਇਆ ਜਾਵੇ ਕਿ ਯੋਗ ਪ੍ਰਣਾਲੀ ਰਾਹੀਂ ਸਿਫਾਰਿਸ਼ ਕੀਤੇ ਗਏ ਸਟੈਨੋਟਾਈਪਿਸਟਾਂ ਦਾ "No Objection Certificate" ਜਾਰੀ ਕੀਤਾ ਹੋਵੇ।.

(ਐਸ.ਕੇ. ਅਗਰਵਾਲ)
ਕਾਨੂੰਨੀ ਮਸ਼ੀਰ ਅਤੇ ਸਕੱਤਰ,
ਪੰਜਾਬ ਸਰਕਾਰ।

ਤੁਰੰਤ ਈ-ਮੇਲ ਰਾਹੀਂ

ਪੰਜਾਬ ਸਰਕਾਰ
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ
(ਤਕਨੀਕੀ ਸਿੱਖਿਆ-1 ਸ਼ਾਖਾ)

ਪਿ.ਐ.ਨੰ.09/03/2019-4ਤਸਿ1/ 418 — ਮਿਤੀ,ਚੰਡੀਗੜ੍ਹ 11.02.2020

ਉਪਰੋਕਤ ਦਾ ਉਤਾਰਾ, ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਸੈਕਟਰ-36 ਏ, ਚੰਡੀਗੜ੍ਹ ਨੂੰ ਯੋਗ ਅਗਲੇਰੀ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ